## ਸਰਵ ਪ੍ਰਾਪਤੀ ਸੰਪੰਨ ਆਤਮਾ ਦੀ ਨਿਸ਼ਾਨੀ - ਸੰਤੁਸ਼ਟਤਾ ਅਤੇ ਪ੍ਰਸੰਨਤਾ

ਅੱਜ ਸਰਵ ਪ੍ਰਾਪਤੀਆਂ ਕਰਾਉਣ ਵਾਲੇ ਬਾਪਦਾਦਾ ਆਪਣੇ ਚਾਰੋਂ ਪਾਸੇ ਦੇ ਪ੍ਰਾਪਤੀ ਸੰਪੰਨ ਬੱਚਿਆਂ ਨੂੰ ਦੇਖ ਰਹੇ ਹਨ। ਸਰਵ ਪ੍ਰਾਪਤੀਆਂ ਦੇ ਦਾਤਾ ਸੰਪੰਨ ਅਤੇ ਸੰਪੂਰਨ ਬਾਪ ਦੇ ਬੱਚੇ ਹਨ ਤਾਂ ਹਰ ਇੱਕ ਬੱਚੇ ਨੂੰ ਬਾਪ ਨੇ ਸਰਵ ਪ੍ਰਾਪਤੀਆਂ ਦਾ ਵਰਸਾ ਦਿੱਤਾ ਹੈ। ਇਵੇਂ ਨਹੀਂ - ਕਿਸਨੂੰ 10 ਦਿੱਤਾ ਹੋਵੇ, ਕਿਸੇਨੂੰ 20 ਦਿੱਤਾ ਹੋਵੇ। ਸਭ ਬੱਚਿਆਂ ਨੂੰ ਸਰਵ ਪ੍ਰਾਪਤੀਆਂ ਦਾ ਅਧਿਕਾਰ ਦਿੱਤਾ ਹੈ। ਸਭ ਬੱਚੇ ਫੁੱਲ ਵਰਸੇ ਦੇ ਅਧਿਕਾਰੀ ਹਨ। ਤਾਂ ਬਾਪਦਾਦਾ ਦੇਖ ਰਹੇ ਹਨ ਕਿ ਹਰ ਇੱਕ ਅਧਿਕਾਰੀ ਬੱਚਿਆਂ ਨੇ ਆਪਣੇ ਵਿੱਚ ਪ੍ਰਾਪਤੀਆਂ ਦਾ ਅਧਿਕਾਰ ਕਿੰਨਾ ਪ੍ਰਾਪਤ ਕੀਤਾ ਹੈ? ਬਾਪ ਨੇ ਸਰਵ ਦਿੱਤਾ ਹੈ। ਬਾਪ ਨੂੰ ਸਰਵਸ਼ਕਤੀਮਾਨ ਅਤੇ ਸੰਪੰਨ ਸਾਗਰ ਕਹਿੰਦੇ ਹਨ। ਪਰ ਬੱਚਿਆਂ ਨੇ ਉਹਨਾਂ ਪ੍ਰਾਪਤੀਆਂ ਨੂੰ ਕਿਥੋਂ ਤੱਕ ਬਣਾਇਆ ਹੈ? ਬਾਪ ਦਾ ਦਿੱਤਾ ਹੋਇਆ ਵਰਸਾ ਜਦੋਂ ਆਪਣਾ ਬਣਾ ਲੈਂਦੇ ਹਨ ਤਾਂ ਜਿਨ੍ਹਾਂ ਆਪਣਾ ਬਣਾਉਂਦੇ ਹਨ ਓਨਾ ਨਸ਼ਾ ਅਤੇ ਖੁਸ਼ੀ ਰਹਿੰਦੀ ਹੈ - ਮੇਰਾ ਖਜ਼ਾਨਾ ਹੈ। ਦਿੱਤਾ ਬਾਪ ਨੇ ਪਰ ਆਪਣੇ ਵਿੱਚ ਧਾਰਨ ਕਰ ਆਪਣਾ ਬਣਾ ਲਿਆ। ਤਾਂ ਕੀ ਦੇਖਿਆ? ਕਿ ਆਪਣਾ ਬਣਾਉਣ ਵਿੱਚ ਨੰਬਰਵਾਰ ਹੋ ਗਏ ਹਨ। ਬਾਪ ਨੇ ਨੰਬਰ ਨਹੀਂ ਬਣਾਏ ਹਨ ਪਰ ਆਪਣੀ - ਆਪਣੀ ਧਾਰਨਾ ਦੀ ਯਥਾਸ਼ਕਤੀ ਵਿੱਚ ਨੰਬਰਵਾਰ ਬਣਾ ਦਿੱਤਾ ਹੈ। ਸੰਪੂਰਨ ਅਧਿਕਾਰੀ ਅਤੇ ਵਰਸੇ ਦੀਆਂ ਪ੍ਰਾਪਤੀਆਂ ਨਾਲ ਸੰਪੰਨ ਆਤਮਾ ਜੋ ਸਦਾ ਅੰਮ੍ਰਿਤਵੇਲੇ ਤੋਂ ਰਾਤ ਤੱਕ ਪ੍ਰਾਪਤੀਆਂ ਦੇ ਨਸ਼ੇ ਅਤੇ ਅਨੁਭਵ ਵਿੱਚ ਰਹਿੰਦੀ ਹੈ, ਉਹਨਾਂ ਦੀ ਨਿਸ਼ਾਨੀ ਕੀ ਹੋਵੇਗੀ? ਪ੍ਰਾਪਤੀਆਂ ਦੀ ਨਿਸ਼ਾਨੀ ਹੈ ਸੰਤੁਸ਼ਟਤਾ। ਉਹ ਸਦਾ ਸੰਤੁਸ਼ਟਮਨੀ ਬਣ ਦੂਸਰਿਆਂ ਨੂੰ ਵੀ ਸੰਤੁਸ਼ਟਤਾ ਦੀ ਝੱਲਕ ਦੀ ਵਾਈਬ੍ਰੇਸ਼ਨ ਫੈਲਾਉਂਦੇ ਰਹਿੰਦੇ ਹਨ। ਉਹਨਾਂ ਦਾ ਚੇਹਰਾ ਸਦਾ ਪ੍ਰਸੰਨਚਿਤ ਦਿਖਾਈ ਦਵੇਗਾ। ਪ੍ਰਸੰਨਚਿਤ ਮਤਲਬ ਸਰਵ ਪ੍ਰਸ਼ਨਚਿਤ ਤੋਂ ਨਿਆਰਾ। ਕੋਈ ਪ੍ਰਸ਼ਨ ਨਹੀਂ ਹੋਵੇਗਾ, ਪ੍ਰਸੰਨ ਹੋਵੇਗਾ। ਕਿਉਂ, ਕੀ, ਕਿਵੇਂ - ਇਹ ਸਭ ਖ਼ਤਮ। ਤਾਂ ਇਵੇਂ ਪ੍ਰਸੰਨਚਿਤ ਬਣੇ ਹੋ? ਕਿ ਹਾਲੇ ਕਦੀ - ਕਦੀ ਕੋਈ ਪ੍ਰਸ਼ਨ ਉੱਠਦਾ ਹੈ ਕਿ ਇਹ ਕੀ ਹੈ, ਇਹ ਕਿਉਂ ਹੈ, ਇਹ ਕਿਵੇਂ ਹੋਵੇਗਾ, ਕਦੋਂ ਹੋਵੇਗਾ? ਇਹ ਪ੍ਰਸ਼ਨ ਭਾਵੇਂ ਮਨ ਵਿੱਚ, ਭਾਵੇਂ ਦੂਸਰੇ ਕੋਲੋਂ ਉੱਠਦਾ ਹੈ? ਪ੍ਰਸ਼ਨਚਿਤ ਹੋ ਜਾਂ ਪਸੰਨਚਿਤ ਹੋ? ਜਾਂ ਕਦੀ ਪ੍ਰਸ਼ਨਚਿਤ, ਕਦੀ ਪ੍ਰਸੰਨਚਿਤ? ਕੀ ਹੈ? ਉਵੇਂ ਗਾਇਨ ਹੈ - ਅਪ੍ਰਾਪਤ ਨਹੀਂ ਕੋਈ ਵਸਤੂ ਬ੍ਰਾਹਮਣਾਂ ਦੇ ਖਜ਼ਾਨੇ ਵਿੱਚ। ਇਹ ਕਿਸਦਾ, ਕਿੰਨ ਬ੍ਰਾਹਮਣਾਂ ਦਾ ਗਾਇਨ ਹੈ? ਤੁਹਾਡਾ ਹੈ ਜਾਂ ਦੂਸਰੇ ਆਉਣ ਵਾਲੇ ਹਨ? ਤੁਸੀਂ ਹੀ ਹੋ! ਤਾਂ ਜਦੋਂ ਕੋਈ ਅਪ੍ਰਾਪਤੀ ਹੁੰਦੀ ਹੈ ਨਾ, ਅਪ੍ਰਾਪਤੀ ਅਸੰਤੁਸ਼ਟਤਾ ਦਾ ਕਾਰਨ ਹੈ। ਆਪਣਾ ਅਨੁਭਵ ਦੇਖੋ - ਕਦੀ ਵੀ ਮਨ ਅਸੰਤੁਸ਼ਟ ਹੁੰਦਾ ਹੈ ਤਾਂ ਕਾਰਨ ਕੀ ਹੁੰਦਾ ਹੈ? ਕਿਸੇ ਨਾ ਕਿਸੇ ਅਪ੍ਰਾਪਤੀ ਦਾ ਅਨੁਭਵ ਕਰਦੇ ਹੋ ਉਦੋਂ ਅਸ਼ੰਤੁਸ਼ਟੀ ਹੁੰਦੀ ਹੈ। ਗਾਇਨ ਤੇ ਹੈ ਅਪ੍ਰਾਪਤ ਨਹੀਂ ਕੋਈ ਵਸਤੂ। ਇਹ ਹੁਣ ਦਾ ਗਾਇਨ ਹੈ ਜਾਂ ਵਿਨਾਸ਼ ਦੇ ਸਮੇਂ ਦਾ? ਵਿਨਾਸ਼ ਦੇ ਸਮੇਂ ਸੰਪੰਨ ਹੋ ਜਾਣਗੇ ਕੀ ਹੁਣ ਹੋਣਾ ਹੈ? ਜੋ ਸਮਝਦੇ ਹਨ ਕਿ ਅਸੀਂ ਸਦਾ ਪ੍ਰਸੰਨਚਿਤ ਰਹਿੰਦੇ ਹਾਂ, ਕਦੀ ਵੀ ਕਿਸੇ ਗੱਲ ਵਿੱਚ, ਭਾਵੇਂ ਆਪਣੇ ਸੰਬੰਧ ਵਿੱਚ, ਭਾਵੇਂ ਦੂਸਰਿਆਂ ਦੇ ਸੰਬੰਧ ਵਿੱਚ ਵੀ ਪ੍ਰਸ਼ਨ ਨਹੀਂ ਉੱਠਦਾ, ਸਦਾ ਸੰਤੁਸ਼ਟ ਰਹਿੰਦੇ ਹਨ - ਅਜਿਹੀਆਂ ਸੰਤੁਸ਼ਟ ਆਤਮਾਵਾਂ ਕਿੰਨੀਆਂ ਹਨ! ਬਹੁਤ ਹਨ! ਅੱਛਾ ਜੋ ਸਮਝਦੇ ਹਨ ਸਦਾ ਪ੍ਰਸੰਨ ਰਹਿੰਦੇ ਹਨ, ਭਾਵੇਂ ਮਾਇਆ ਕਿੰਨੀ ਵੀ ਹਿਲਾਏ, ਪਰ ਅਸੀਂ ਨਹੀਂ ਹਿਲਦੇ, ਮਾਇਆ ਨੂੰ ਹਿਲਾ ਦਿੰਦੇ ਹਨ, ਮਾਇਆ ਨਮਸਕਾਰ ਕਰਦੀ ਹੈ, ਅਸੀਂ ਅੰਗਦ ਹਾਂ, ਮਾਇਆ ਹਾਰ ਜਾਂਦੀ ਪਰ ਅਸੀਂ ਵਿਜੇਈ ਹਾਂ, ਜੋ ਇਵੇਂ ਦੇ ਹਨ ਉਹ ਹੱਥ ਉਠਾਓ, ਸਦਾ ਸ਼ਬਦ ਯਾਦ ਰੱਖਣਾ, ਕਦੀ - ਕਦੀ ਵਾਲੇ ਨਹੀਂ। ਬਹੁਤ ਥੋੜ੍ਹੇ ਹਨ, ਕੋਟਾਂ ਵਿਚੋਂ ਕੋਈ ਹਨ! ਕਵੇਸ਼ਨਮਾਰਕ ਉੱਠਦਾ ਹੈ ਨਾ। ਕਵੇਸ਼ਨਮਾਰਕ ਡਿਕਸ਼ਨਰੀ ਤੋਂ ਨਿਕਲ ਜਾਏ। ਹਲਚਲ ਵੀ ਨਾ ਹੋਵੇ। ਕੰਪਿਊਟਰ ਚਲਾਉਂਦੇ ਹੋ ਤਾਂ ਉਸ ਵਿੱਚ ਆਉਂਦਾ ਹੈ ਨਾ? ਤੁਹਾਡੇ ਬੁੱਧੀ ਰੂਪੀ ਕੰਪਿਊਟਰ ਵਿੱਚ ਸਦਾ ਫੁੱਲਸਟਾਪ ਦੀ ਮਾਤਰਾ ਆਏ। ਕਵੇਸ਼ਨ ਮਾਰਕ, ਅਸ਼ਚਾਰਯ ਦੀ ਮਾਤਰਾ ਖ਼ਤਮ। ਇਸਨੂੰ ਕਿਹਾ ਜਾਂਦਾ ਹੈ ਸਦਾ ਪ੍ਰਸੰਨਚਿਤ। ਅਜਿਹੇ ਪ੍ਰਸੰਨਚਿਤ ਹੋਰਾਂ ਦੇ ਵੀ ਕਵੇਸ਼ਚਨ ਮਾਰਕ ਖ਼ਤਮ ਕਰ ਦਿੰਦੇ ਹਨ। ਨਹੀਂ ਤਾਂ ਖੁਦ ਵਿੱਚ ਜੇਕਰ ਕਵੇਸ਼ਚਨ ਮਾਰਕ ਹੈ ਤਾਂ ਕੋਈ ਵੀ ਗੱਲ ਸੁਣਾਉਣਗੇ, ਦੇਖਣਗੇ, ਕਹਿਣਗੇ - ਹਾਂ, ਇਹ ਤੇ ਹੋਣਾ ਨਹੀਂ ਚਾਹੀਦਾ ਹੈ, ਪਰ ਹੁੰਦਾ ਹੈ, ਮੈਂ ਵੀ ਸਮਝਦੀ ਹਾਂ, ਹੋਣਾ ਨਹੀਂ ਚਾਹੀਦਾ ਹੈ, ਮਿਕਸ ਹੋ ਜਾਣਗੇ। ਉਹਨਾਂ ਦੇ ਪ੍ਰਸ਼ਨ ਨੂੰ ਹੋਰ ਅੰਡਰਲਾਇਨ ਕਰਾ ਦੇਣਗੇ। ਟੇਕਾ ਤਾਂ ਦੇ ਦਿੱਤਾ ਨਾ - ਕਿ ਹਾਂ, ਇਹ ਠੀਕ ਨਹੀਂ ਹੈ ਪਰ ਹੁੰਦਾ ਹੈ ...। ਤਾਂ ਪ੍ਰਸੰਨਚਿਤ ਉਹਨੂੰ ਨਹੀਂ ਕੀਤਾ ਪਰ ਹੋਰ ਹੀ ਪ੍ਰਸ਼ਨ ਨੂੰ ਵਧਾ ਲਿਆ। ਐਡੀਸ਼ਨ ਹੋ ਗਈ। ਉਵੇਂ ਇੱਕ ਦਾ ਕਵੇਸ਼ਨ ਸੀ, ਹੁਣ ਦੋ ਦਾ ਹੋ ਗਿਆ, ਦੋ ਤੋਂ ਚਾਰ ਦਾ ਹੋ ਜਾਵੇਗਾ। ਤਾਂ ਪ੍ਰਸੰਨਚਿਤ ਵਾਏਬ੍ਰੇਸ਼ਨ ਦੀ ਬਜਾਏ ਪ੍ਰਸ਼ਨਚਿੱਤ ਦਾ ਵਾਏਬ੍ਰੇਸ਼ਨ ਜਲਦੀ ਫੈਲਦਾ ਹੈ। ਅਜਿਹਾ ਹੈ... ਸਾਥ ਦੇ ਦਿੱਤਾ। ਅਸ਼ਚਰਿਆ ਦੀ ਮਾਤਰਾ ਆ ਗਈ ਨਾ - ਹਾਂ! ਤਾਂ ਫੁੱਲਸਟਾਪ ਤੇ ਨਹੀਂ ਹੋਇਆ ਨਾ। ਭਾਵੇਂ ਆਪਣੇ ਪ੍ਰਤੀ ਵੀ - ਜਾਂ ਮੇਰੇ ਤੋਂ ਹੋਣਾ ਨਹੀਂ ਚਾਹੀਦਾ, ਇਹ ਮੈਨੂੰ ਮਿਲਣਾ ਚਾਹੀਦਾ ਹੈ, ਇਹ ਦੂਜੇ ਨੂੰ ਨਹੀਂ ਹੋਣਾ ਚਾਹੀਦਾ, ਤਾਂ ਇਹ ਚਾਹੀਦਾ - ਚਾਹੀਦਾ ਪ੍ਰਸ਼ਨਚਿੱਤ ਬਣਾ ਦਿੰਦੀ ਹੈ ਪ੍ਰਸੰਨਚਿੱਤ ਨਹੀਂ। ਤਾਂ ਸਭ ਦਾ ਲਕਸ਼ ਕੀ ਹੈ? ਸੰਤੁਸ਼ਟ, ਪ੍ਰਸੰਨਚਿੱਤ।

ਜਿਸ ਦਾ ਪ੍ਰਸੰਨਚਿੱਤ ਹੁੰਦਾ ਹੈ ਉਸ ਦੇ ਮਨ - ਬੁੱਧੀ ਦੇ ਵਿਅਰਥ ਦੀ ਗਤੀ ਫਾਸਟ ਨਹੀਂ ਹੋਵੇਗੀ। ਸਦਾ ਨਿਰਮਲ, ਨਿਰਮਾਣ। ਨਿਰਮਾਣ ਹੋਣ ਦੇ ਕਾਰਨ ਸਭ ਨੂੰ ਆਪਣੇ ਪ੍ਰਸੰਨਚਿੱਤ ਦੀ ਛਾਂ ਵਿੱਚ ਸ਼ੀਤਲਤਾ ਦੇਣਗੇ। ਕਿਵੇਂ ਦਾ ਵੀ ਆਪ ਸਮਾਨ ਸੜਿਆ ਹੋਇਆ, ਬਹੁਤ ਗਰਮ ਦਿਮਾਗ ਦਾ ਹੋਵੇ ਪਰ ਪ੍ਰਸੰਨਚਿੱਤ ਦੇ ਵਾਇਬ੍ਰੇਸ਼ਨ ਦੀ ਛਾਂ ਵਿੱਚ ਸ਼ੀਤਲ ਹੋ ਜਾਵੇਗਾ। ਕਮਜੋਰੀ ਕੀ ਆਉਂਦੀ ਹੈ? ਉਵੇਂ

ਠੀਕ ਚਲਦੇ ਹੋ, ਆਪਣੇ ਤਰੀਕੇ ਨਾਲ ਚੰਗੇ ਚਲਦੇ ਹੋ ਲੇਕਿਨ ਜਦੋਂ ਸੰਬੰਧ - ਸੰਪਰਕ ਵਿੱਚ ਆਉਂਦੇ ਹੋ ਤਾਂ ਦੂਜੇ ਦੀ ਕਮਜੋਰੀ ਵੇਖਦੇ - ਸੁਣਦੇ ਵਰਣਨ ਕਰਦੇ ਪ੍ਰਭਾਵ ਵਿੱਚ ਆ ਜਾਂਦੇ ਹੋ। ਫਿਰ ਕਹਿੰਦੇ ਹੋ ਕਿ ਇਸ ਨੇ ਕੀਤਾ ਨਾ, ਇਸਲਈ ਮੇਰੇ ਤੋਂ ਵੀ ਹੋ ਗਿਆ। ਇਸ ਨੇ ਕਿਹਾ, ਤਾਂ ਹੀ ਮੈਂ ਕਿਹਾ। ਉਸਨੇ 50 ਵਾਰੀ ਕਿਹਾ ਮੈਂ ਇੱਕ ਵਾਰੀ ਕਿਹਾ। ਫਿਰ ਬਾਪ ਦੇ ਅੱਗੇ ਵੀ ਬਹੁਤ ਮਿੱਠੀਆਂ - ਮਿੱਠੀਆਂ ਗੱਲਾਂ ਰੱਖਦੇ ਹਨ, ਕਹਿੰਦੇ ਹਨ - ਬਾਬਾ ਤੁਸੀਂ ਸਮਝੋ ਨਾ ਇਨਾ ਸਹਿਣ ਕਿੱਥੋਂ ਤੱਕ ਕਰਾਂਗੇ। ਫਿਰ ਵੀ ਪੁਰਸ਼ਾਰਥੀ ਹਾਂ ਨਾ, ਤਾਂ ਥੋੜ੍ਹਾ ਤੇ ਆਵੇਗਾ ਨਾ! ਬਾਪ ਨੂੰ ਵੀ ਸਮਝਾਉਣ ਲਗਦੇ ਹਨ। ਇੱਥੇ ਜੋ ਨਿਮਿਤ ਹਨ ਉਨ੍ਹਾਂ ਨੂੰ ਬਹੁਤ ਕਥਾਵਾਂ ਸੁਣਾਉਂਦੇ ਹਨ। ਇਵੇਂ ਸੀ ਨਾ, ਇਵੇਂ ਸੀ ਨਾ, ਇਵੇਂ ਸੀ ਨਾ...ਇਵੇਂ - ਇਵੇਂ ਦੀ ਮਾਲਾ ਜਪਦੇ ਹਨ। ਬਾਪਦਾਦਾ ਸਦਾ ਹੀ ਇਸ਼ਾਰਾ ਦਿੰਦੇ ਹਨ ਕਿ ਅਜਿਹੀਆਂ ਗੱਲਾਂ ਦੋ ਅੱਖਰਾਂ ਵਿੱਚ ਵਰਣਨ ਕਰੋ। ਲੰਬਾ ਵਰਣਨ ਨਹੀਂ ਕਰੋ ਕਿਉਕੀ ਅਜਿਹੀਆਂ ਵਿਅਰਥ ਗੱਲਾਂ ਬਹੁਤ ਚਟਪਟੀਆਂ ਹੁੰਦੀਆਂ ਹਨ। ਮਜ਼ੇਦਾਰ ਲਗਦੀਆਂ ਹਨ। ਜਿਵੇਂ ਖਾਣੇ ਵਿੱਚ ਵੀ ਖ਼ਟੀਆਂ - ਮਿੱਠੀਆਂ ਚੀਜ਼ਾਂ ਹਨ ਤਾਂ ਚੰਗੀਆਂ ਲੱਗਣਗੀਆਂ ਨਾ, ਅਤੇ ਫਿਕੀ, ਸਾਦੀ ਹੋਵੇ ਤਾਂ ਕਹਿਣਗੇ ਇਹ ਤਾਂ ਖਾਂਦੇ ਹੀ ਰਹਿੰਦੇ ਹਾਂ। ਤਾਂ ਵਿਅਰਥ ਗੱਲਾਂ, ਵਿਅਰਥ ਚਿੰਤਣ ਸੁਣਨਾ, ਬੋਲਣਾ ਅਤੇ ਕਰਨਾ ਇਸ ਵਿੱਚ ਚਲਦੇ - ਚਲਦੇ ਇੰਟਰੱਸਟ ਵੱਧ ਜਾਂਦਾ ਹੈ। ਫਿਰ ਸੋਚਦੇ ਹਨ ਮੈਂ ਨਹੀਂ ਚਾਹੁੰਦੀ ਸੀ ਪਰ ਉਸਨੇ ਸੁਣਾਇਆ ਨਾ, ਤਾਂ ਮੈਂ ਕਿਹਾ ਕਿ ਚੰਗਾ ਉਸ ਦਾ ਸੁਣ ਲਈਏ, ਦਿਲ ਖਾਲੀ ਕਰ ਦਈਏ। ਉਸ ਦਾ ਤਾਂ ਦਿਲ ਖਾਲੀ ਹੋਇਆ ਅਤੇ ਤੁਸੀਂ ਦਿਲ ਭਰ ਲਈ। ਉਹ ਥੋੜ੍ਹਾ - ਥੋੜ੍ਹਾ ਦਿਲ ਵਿਚ ਭਰਦੇ - ਭਰਦੇ ਫਿਰ ਸੰਸਕਾਰ ਬਣ ਜਾਂਦਾ ਹੈ ਅਤੇ ਜਦੋਂ ਸੰਸਕਾਰ ਬਣ ਜਾਂਦਾ ਹੈ ਤਾਂ ਮਹਿਸੂਸ ਹੀ ਨਹੀਂ ਹੁੰਦਾ ਕੀ ਇਹ ਰਾਂਗ ਹੈ। ਇਹ ਵਿਅਰਥ ਸੰਸਕਾਰ ਬੁੱਧੀ ਦੇ ਨਿਰਣੇ ਨੂੰ ਖਤਮ ਕਰ ਦਿੰਦਾ ਹੈ ਇਸਲਈ ਸਭ ਤੋਂ ਸਹਿਜ ਸਦਾ ਸੰਤੁਸ਼ਟ ਰਹਿਣ ਦੀ ਵਿਧੀ ਹੈ - ਸਦਾ ਆਪਣੇ ਸਾਮਣੇ ਕਿਸੇ ਨਾ ਕਿਸੇ ਵਿਸ਼ੇਸ਼ ਪ੍ਰਾਪਤੀ ਨੂੰ ਰੱਖੋ ਕਿਉਂਕਿ ਪ੍ਰਾਪਤੀ ਭੁੱਲਦੀ ਨਹੀਂ ਹੈ। ਗਿਆਨ ਦੀ ਪੁਆਇੰਟ ਭੁੱਲ ਸਕਦੀ ਹੈ, ਲੇਕਿਨ ਪ੍ਰਾਪਤੀ ਭੁੱਲਦੀ ਨਹੀਂ ਹੈ। ਬਾਪ ਤੋਂ ਕੀ - ਕੀ ਮਿਲਿਆ, ਕਿੰਨਾਂ ਮਿਲਿਆ, ਵਰੇਇਟੀ ਪਸੰਦ ਆਉਂਦੀ ਹੈ ਨਾ! ਇੱਕ ਜਿਹਾ ਪਸੰਦ ਨਹੀਂ ਹੁੰਦਾ। ਤਾਂ ਤੁਸੀਂ ਆਪਣੀਆਂ ਪ੍ਰਾਪਤੀਆਂ ਨੂੰ ਵੇਖੋ - ਗਿਆਨ ਦੇ ਖਜਾਨੇ ਦੀ ਪ੍ਰਾਪਤੀ ਕਿੰਨੀ ਹੈ, ਯੋਗ ਨਾਲ ਸ਼ਕਤੀਆਂ ਦੀ ਪ੍ਰਾਪਤੀ ਕਿੰਨੀ ਹੈ, ਦੀਵਿਯ ਗੁਣਾਂ ਦੀਆਂ ਪ੍ਰਾਪਤੀਆਂ ਕਿੰਨੀਆਂ ਹਨ, ਪ੍ਰੈਕਟਿਕਲ ਨਸ਼ੇ ਵਿਚ, ਖੁਸ਼ੀ ਵਿੱਚ ਰਹਿਣ ਦੀਆਂ ਪ੍ਰਾਪਤੀਆਂ ਕਿੰਨੀਆਂ ਹਨ? ਬਹੁਤ ਲਿਸਟ ਹੈ ਨਾ! ਪਹਿਲੇ ਵੀ ਸੁਣਾਇਆ ਸੀ ਕਿ ਕਦੇ ਕੋਈ, ਕਦੇ ਕੋਈ ਗੁਣ ਦੀ ਪ੍ਰਾਪਤੀ ਨੂੰ ਸਾਮ੍ਹਣੇ ਰੱਖਦੇ ਹੋਏ ਸੰਤੁਸ਼ਟ ਰਹੋ ਕਿਉਂਕਿ ਇੱਕ ਗੁਣ ਵੀ ਅਪਣਾਇਆ ਤਾਂ ਜਿਵੇਂ ਵਿਕਾਰਾਂ ਦਾ ਆਪਸ ਵਿੱਚ ਗਹਿਰਾ ਸੰਬੰਧ ਹੈ, ਜੇਕਰ ਬਾਹਰ ਦੇ ਰੂਪ ਵਿੱਚ ਇਮੱਰਜ ਤਰ੍ਹਾਂ ਨਾਲ ਕ੍ਰੋਧ ਹੈ ਲੇਕਿਨ ਆਂਤਰਿਕ ਚੈਕ ਕਰੋ ਤਾਂ ਕ੍ਰੋਧ ਦੇ ਨਾਲ ਲੋਭ, ਹੰਕਾਰ ਹੁੰਦਾ ਹੀ ਹੈ। ਇਹ ਸਭ ਆਪਸ ਵਿੱਚ ਸਾਥੀ ਹਨ। ਕਈ ਇਮਰਜ਼ ਰੂਪ ਵਿਚ ਹੁੰਦੇ ਹਨ, ਕਈ ਮਰਜ਼ ਰੂਪ ਵਿਚ ਹੁੰਦੇ ਹਨ। ਤਾਂ ਗੁਣ ਵੀ ਜੋ ਹਨ ਉਨ੍ਹਾਂ ਦਾ ਵੀ ਆਪਸ ਵਿੱਚ ਸੰਬੰਧ ਹੈ। ਇਮਰਜ਼ ਇੱਕ ਗੁਣ ਨੂੰ ਰੱਖੋ ਲੇਕਿਨ ਦੂਜੇ ਗੁਣ ਵੀ ਉਨ੍ਹਾਂ ਦੇ ਨਾਲ ਮਰਜ਼ ਰੂਪ ਵਿਚ ਹੁੰਦੇ ਹਨ। ਤਾਂ ਰੋਜ ਕੋਈ ਨਾ ਕੋਈ ਪ੍ਰਾਪਤੀ ਸਵਰੂਪ ਦਾ ਅਨੁਭਵ ਜਰੂਰ ਕਰੋ। ਜੇਕਰ ਪ੍ਰਾਪਤੀ ਇਮਰਜ਼ ਰੂਪ ਵਿਚ ਹੋਵੇਗੀ ਤਾਂ ਪ੍ਰਾਪਤੀ ਦੇ ਅੱਗੇ ਅਪ੍ਰਾਪਤੀ ਖਤਮ ਹੋ ਜਾਵੇਗੀ ਅਤੇ ਸਦਾ ਸੰਤੁਸ਼ਟ ਰਹੋਗੇ ਉਵੇਂ ਵੀ ਵੇਖੋ, ਦੁਨੀਆ ਵਿਚ ਵੀ ਮੁੱਖ ਪ੍ਰਾਪਤੀ ਸਾਰੇ ਕੀ ਚਾਹੁੰਦੇ ਹਨ?

ਹਰ ਇਕ ਚਾਹੁੰਦਾ ਹੈ ਕਿ ਆਪਣਾ ਨਾਮ ਚੰਗਾ ਹੋਵੇ, ਦੂਸਰਾ ਮਾਨ ਅਤੇ ਤੀਸਰਾ ਸ਼ਾਨ । ਨਾਮ -ਮਾਨ - ਸ਼ਾਨ ਇਹ ਪ੍ਰਾਪਤ ਕਰਨਾ ਚਾਹੁੰਦੇ ਹਨ। ਤੁਸੀਂ ਵੀ ਕੀ ਚਾਹੁੰਦੇ ਹੋ? ਤੁਸੀਂ ਵੀ ਤਾਂ ਇਹ ਚਾਹੁੰਦੇ ਹੋ ਨਾ! ਹੱਦ ਦਾ ਨਹੀਂ, ਬੇਹੱਦ ਦਾ। ਤਾਂ ਦੁਨੀਆਂ ਵਾਲੇ ਤਾਂ ਹੱਦ ਦੇ ਨਾਮ ਦੇ ਪਿਛਾੜੀ ਦੌੜਦੇ ਹਨ ਅਤੇ ਆਪਣਾ ਨਾਮ ਵਿਸ਼ਵ ਵਿੱਚ ਜਿੰਨਾਂ ਉੱਚਾ ਹੈ ਹੋਰ ਕਿਸਦਾ ਹੈ? ਤਾਂ ਤੁਸੀਂ ਆਪਣੇ ਨਾਮ ਨੂੰ ਦੇਖੋ। ਸਭਤੋਂ ਨਾਮ ਦੀ ਵਿਸ਼ੇਸ਼ਤਾ ਇਹ ਹੈ ਕਿ ਆਪਣਾ ਨਾਮ ਕੌਣ ਜਪਦਾ ਹੈ? ਖੁਦ ਭਗਵਾਨ ਤੁਹਾਡਾ ਨਾਮ ਜਪਦਾ ਹੈ! ਤਾਂ ਇਸ ਨਾਲੋਂ ਵੱਡਾ ਨਾਮ ਕੀ ਹੋਵੇਗਾ! ਤੁਹਾਡਾ ਨਾਮ ਤੇ ਹੁਣ ਲਾਸ੍ਹ ਜਨਮ ਵਿੱਚ ਵੀ ਅਨੇਕ ਆਤਮਾਵਾਂ ਆਪਣਾ ਸ਼ਰੀਰ ਨਿਰਵਾਹ ਚਲਾ ਰਹੀਆਂ ਹਨ। ਤੁਸੀਂ ਬ੍ਰਾਹਮਣ ਹੋ ਨਾ ਤਾਂ ਬ੍ਰਾਹਮਣਾਂ ਦੇ ਨਾਮ ਤੋਂ ਅੱਜ ਵੀ ਨਾਮਧਾਰੀ ਬ੍ਰਾਹਮਣ ਕਿੰਨਾ ਕਮਾ ਰਹੇ ਹਨ! ਹੁਣ ਤੱਕ ਨਾਮਧਾਰੀ ਵੀ ਕਿੰਨਾ ਉੱਚਾ ਗਾਏ ਜਾਂਦੇ ਹਨ। ਤਾਂ ਤੁਹਾਡੇ ਨਾਮ ਦੀ ਵੀ ਕਿੰਨਾ ਮਹਿਮਾ ਹੈ। ਇਤਨਾ ਸ਼੍ਰੇਸ਼ਠ ਨਾਮ ਤੁਹਾਡਾ ਹੋ ਗਿਆ, ਇਸਲਈ ਹੱਦ ਦੇ ਨਾਮ ਦੇ ਪਿੱਛੇ ਨਹੀਂ ਜਾਓ। ਮੇਰਾ ਨਾਮ ਤਾਂ ਕਦੀ ਕਿਸੇ ਵਿੱਚ ਲੈਂਦੇ ਹੀ ਨਹੀਂ ਹਨ, ਮੇਰਾ ਨਾਮ ਪਿੱਛੇ ਹੀ ਰਹਿੰਦਾ ਹੈ, ਸੇਵਾ ਮੈਂ ਕਰਦੀ ਹਾਂ ਨਾਮ ਦੂਸਰੇ ਦਾ ਹੋ ਜਾਂਦਾ ਹੈ ...ਤਾਂ ਹੱਦ ਦੇ ਨਾਮ ਦੇ ਪਿੱਛੇ ਨਹੀਂ ਜਾਓ। ਬਾਪ ਦੇ ਦਿਲ ਵਿੱਚ ਤੁਹਾਡਾ ਨਾਮ ਸਦਾ ਹੀ ਸ਼੍ਰੇਸ਼ਠ ਹੈ। ਜਦੋਂ ਬਾਪ ਦੇ ਦਿਲ ਵਿੱਚ ਨਾਮ ਹੋ ਗਿਆ ਤਾਂ ਕੋਈ ਸੇਵਾ ਵਿੱਚ ਜਾਂ ਕੋਈ ਪ੍ਰੋਗਰਾਮ ਵਿੱਚ ਜਾਂ ਕੋਈ ਵੀ ਗੱਲਾਂ ਵਿੱਚ ਤੁਹਾਡਾ ਨਾਮ ਨਹੀਂ ਵੀ ਆਇਆ ਤਾਂ ਕੀ ਹਰਜ਼ਾ, ਬਾਪ ਦੇ ਕੋਲ ਤੇ ਹੈ ਨਾ! ਜਿਵੇਂ ਭਗਤੀ ਮਾਰਗ ਵਿੱਚ ਹਨੂਮਾਨ ਦਾ ਚਿੱਤਰ ਦਿਖਾਉਂਦੇ ਹਨ ਨਾ ਤਾਂ ਉਸਦੇ ਦਿਲ ਵਿੱਚ ਕੀ ਸੀ? ਰਾਮ ਸੀ। ਅਤੇ ਬਾਪ ਦੇ ਦਿਲ ਵਿੱਚ ਕੀ ਹੈ? (ਬੱਚੇ) ਤਾਂ ਬੱਚਿਆਂ ਵਿੱਚ ਤੁਸੀਂ ਹੋ ਜਾਂ ਨਹੀਂ ਹੋ? ਤਾਂ ਸਭ ਦਾ ਨਾਮ ਹੈ! ਦੇਖਿਆ ਹੈ? ਪੱਕਾ? ਕਦੀ ਮਿਸ ਹੋ ਗਿਆ ਹੋਵੇ ਤਾਂ! ਤੁਸੀਂ ਸਭ ਦਾ ਨਾਮ ਹੈ! ਤਾਂ ਹੋਰ ਨਾਮ ਦੇ ਪਿੱਛੇ ਕਿਉਂ ਪੈਂਦੇ ਹੋ? ਕਿਉਂਕਿ ਮਿਜੋਰਟੀ ਇਹ ਹੀ ਨਾਮ - ਮਾਨ - ਸ਼ਾਨ ਡਿੱਗਉਂਦਾ ਵੀ ਹੈ ਅਤੇ ਇਹ ਨਾਮ -ਮਾਨ- ਸ਼ਾਨ ਨਸ਼ਾ ਵੀ ਚੜਾਉਂਦਾ ਹੈ। ਤਾਂ ਪ੍ਰਾਪਤੀ ਦੇ ਰੂਪ ਵਿੱਚ ਦੇਖੋ। ਜੇਕਰ ਮੰਨੋ ਕਿਸੇ ਕਾਰਨ ਨਾਲ ਤੁਹਾਡਾ ਨਾਮ ਗੁਪਤ ਹੈ ਅਤੇ ਤੁਸੀਂ ਸਮਝਦੇ ਹੋ ਕਿ ਮੇਰਾ ਨਾਮ ਹੋਣਾ ਚਾਹੀਦਾ ਹੈ, ਅਸਲ ਹੈ ਫਿਰ ਵੀ ਜੇਕਰ ਕਿਸੇ ਵੀ ਆਤਮਾ ਨਾਲ ਹਿਸਾਬ - ਕਿਤਾਬ ਦੇ ਕਾਰਨ ਜਾਂ ਉਸਦੇ ਸੰਸਕਾਰ ਦੇ ਕਾਰਨ ਤੁਹਾਡਾ ਨਾਮ ਨਹੀਂ ਹੁੰਦਾ ਹੈ, ਜਦੋਂ ਤੁਸੀਂ ਰਾਈਟ ਹੋ, ਉਹ ਰਾਂਗ ਹੈ ਫਿਰ ਵੀ ਉਸਦਾ ਨਾਮ ਹੁੰਦਾ ਹੈ, ਤੁਹਾਡਾ ਨਹੀਂ, ਤਾਂ ਵਿਜੇ ਮਾਲਾ ਵਿੱਚ ਤੁਹਾਡਾ ਨਾਮ ਨਿਸ਼ਚਿਤ ਹੈ। ਇਸਲਈ ਇਸਦੀ ਵੀ ਪ੍ਰਵਾਹ ਨਹੀਂ ਕਰੋ। ਇਸ ਰੂਪ ਵਿੱਚ ਮਾਇਆ ਜ਼ਿਆਦਾ ਆਉਂਦੀ ਹੈ ਇਸਲਈ ਹੁਣ ਗਲਤੀ ਨਾਲ ਨਾਮ ਮਿਸ ਹੋ ਗਿਆ, ਕੋਈ ਹਰਜ਼ਾ ਨਹੀਂ ਪਰ ਵਿਜੇ ਮਾਲਾ ਵਿੱਚ ਤੁਹਾਡਾ ਨਾਮ ਮਿਸ ਨਹੀਂ ਹੋ ਸਕਦਾ। ਪਹਿਲੇ ਤੁਹਾਡਾ ਨਾਮ ਹੋਵੇਗਾ। ਤਾਂ ਆਪਣੇ ਨਾਮ ਦੀ ਮਹਿਮਾ ਯਾਦ ਰੱਖੋ ਕਿ ਮੇਰਾ ਨਾਮ ਬਾਪ ਦੇ ਦਿਲ ਤੇ ਹੈ। ਵਿਜੇ ਮਾਲਾ ਵਿੱਚ ਹੈ, ਅੰਤ ਤੱਕ ਮੇਰਾ ਨਾਮ ਸੇਵਾ ਕਰ

ਰਿਹਾ ਹੈ।

ਅਤੇ ਤੁਹਾਡਾ ਮਾਨ ਕਿੰਨਾ ਹੈ? ਭਗਵਾਨ ਨੇ ਵੀ ਤੁਹਾਨੂੰ ਆਪਣੇ ਤੋਂ ਅੱਗੇ ਰੱਖਿਆ ਹੈ! ਪਹਿਲੇ ਬੱਚੇ। ਤਾਂ ਖੁਦ ਬਾਪ ਨੇ ਮਾਨ ਦੇ ਦਿੱਤਾ। ਕਿੰਨਾ ਤੁਹਾਡਾ ਮਾਨ ਹੈ, ਉਸਦਾ ਪਰੂਫ ਦੇਖੋ ਕਿ ਤੁਹਾਡੇ ਜੜ੍ਹ ਚਿਤਰਾਂ ਦਾ ਵੀ ਲਾਸ੍ਟ ਜਨਮ ਤੱਕ ਕਿੰਨਾ ਮਾਨ ਹੈ! ਨਹੀਂ ਜਾਨਣ ਪਰ ਕਿਸੇ ਵੀ ਦੇਵੀ - ਦੇਵਤੇ ਦਾ ਚਿਤਰ ਹੋਵੇਗਾ ਤਾਂ ਕਿੰਨੇ ਮਾਨ ਨਾਲ ਉਸਨੂੰ ਦੇਖਦੇ ਹਨ! ਸਭਤੋਂ ਸ਼੍ਰੇਸ਼ਠ ਮਾਨ ਹੁਣ ਤੱਕ ਤੁਹਾਡੇ ਚਿਤਰਾ ਦਾ ਵੀ ਹੈ। ਇਹ ਪਰੂਫ ਹੈ। ਜਦੋਂ ਤੁਹਾਡੇ ਚਿੱਤਰ ਹੀ ਇੰਨੇ ਮਾਨਨੀਯ, ਪੂਜਨੀਯ ਹਨ ਤਾਂ ਜਿਸਦਾ ਮਾਨ ਰੱਖਿਆ ਜਾਂਦਾ ਹੈ ਉਸਨੂੰ ਪੂਜਨੀਯ ਮੰਨਿਆ ਜਾਂਦਾ ਹੈ। ਹਮੇਸ਼ਾ ਕਹਿੰਦੇ ਹਨ ਨਾ - ਇਹ ਸਾਡੇ ਪੂਜਨੀਯ ਹੈ, ਪੂਜਯ ਹਨ। ਤਾਂ ਪ੍ਰੈਕਟੀਕਲ ਪਰੂਫ ਹੈ ਕਿ ਤੁਹਾਡੇ ਚਿਤਰਾਂ ਦਾ ਵੀ ਮਾਨ ਹੈ ਤਾਂ ਚੇਤੰਨ ਵਿੱਚ ਹੈ ਤਾਂ ਵੀ ਚਿਤਰਾਂ ਦਾ ਮਾਨ ਹੈ। ਜੇਕਰ ਚੇਤੰਨ ਵਿੱਚ ਮਾਨ ਨਹੀਂ ਹੁੰਦਾ ਤਾਂ ਚਿਤਰਾਂ ਨੂੰ ਕਿਵੇਂ ਮਿਲਦਾ? ਬਾਪ ਤੇ ਸਦਾ ਕਹਿੰਦੇ ਹਨ - ਪਹਿਲੇ ਬੱਚੇ। ਬੱਚੇ ਡਬਲ ਪੂਜੇ ਜਾਂਦੇ ਹਨ, ਬਾਪ ਸਿੰਗਲ। ਤਾਂ ਤੁਹਾਡਾ ਮਾਨ ਬਾਪ ਤੋਂ ਜ਼ਿਆਦਾ ਹੋਇਆ ਨਾ! ਐਨਾ ਸ਼੍ਰੇਸ਼ਠ ਮਾਨ ਮਿਲ ਗਿਆ! ਤਾਂ ਜਦੋਂ ਵੀ ਕੋਈ ਹੱਦ ਦੇ ਮਾਨ ਦੀ ਗੱਲ ਆਏ ਤਾਂ ਸੋਚਨਾ ਹੈ ਕਿ ਆਤਮਾਵਾਂ ਦਾ ਮਾਨ ਕੀ ਕਰੇਗਾ, ਜਦੋਂ ਪਰਮਾਤਮਾ ਦਾ ਮਾਨ ਮਿਲ ਗਿਆ। ਇਵੇਂ ਨਹੀਂ ਸੋਚਿਆ ਕਿ ਅਸੀਂ ਇਨਾਂ ਕੁਝ ਕਰਦੇ ਹਾਂ ਫ਼ਿਰ ਵੀ ਮਾਨ ਨਹੀਂ ਦਿੰਦੇ, ਪੁੱਛਦੇ ਹੀ ਨਹੀਂ ਹਨ! ਇਹ ਸੋਚਣਾ ਵਿਅਰਥ ਹੈ ਕਿਉਂਕਿ ਜਿੰਨਾ ਤੁਸੀਂ ਹੱਦ ਦੇ ਮਾਨ ਦੇ ਪਿੱਛੇ ਦੌੜ ਲਗਾਓਗੇ ਨਾ ਤਾਂ ਇਹ ਹੱਦ ਦੀ ਕੋਈ ਵੀ ਚੀਜ਼ ਪਰਛਾਈ ਦੇ ਸਮਾਨ ਹੈ। ਪਰਛਾਈ ਦੇ ਪਿੱਛੇ ਪੈਣ ਨਾਲ ਕਦੀ ਪਰਛਾਈ ਮਿਲਦੀ ਹੈ ਕਿ ਹੋਰ ਅੱਗੇ ਵਧਦੀ ਜਾਂਦੀ ਹੈ? ਤਾਂ ਇਹ ਹੱਦ ਦਾ ਮਾਨ, ਹੱਦ ਦਾ ਨਾਮ - ਇਹ ਪਰਛਾਈ ਹੈ। ਇਹ ਮਾਇਆ ਦੀ ਧੁੱਪ ਦਿਖਾਈ ਦਿੰਦੀ ਹੈ ਪਰ ਹੈ ਕੁਝ ਵੀ ਨਹੀਂ। ਤਾਂ ਨਾਮ ਵੀ ਤੁਹਾਨੂੰ ਮਿਲ ਗਿਆ, ਮਾਨ ਵੀ ਤੁਹਾਨੂੰ ਮਿਲਿਆ ਹੋਇਆ ਹੈ ਅਤੇ ਸ਼ਾਨ ਕਿੰਨਾ ਹੈ। ਆਪਣੇ ਇੱਕ - ਇੱਕ ਸ਼ਾਨ ਨੂੰ ਯਾਦ ਕਰੋ ਅਤੇ ਕਿਸਨੇ ਸ਼ਾਨ ਵਿੱਚ ਬਿਠਾਇਆ? ਬਾਪ ਨੇ ਬਿਠਾਇਆ। ਬਾਪ ਦੇ ਦਿਲ - ਤਖ਼ਤਨਸ਼ੀਨ ਹੋ। ਸਭਤੋਂ ਵੱਡੀ ਤੋਂ ਵੱਡੀ ਸ਼ਾਨ ਰਾਜ ਪਦਵੀ ਹੈ ਨਾ! ਤਾਂ ਤੁਹਾਨੂੰ ਤਖ਼ਤ ਤਾਜ ਮਿਲ ਗਿਆ ਹੈ ਨਾ! ਜੋ ਪਰਮ ਆਤਮਾ ਦੇ ਤਖ਼ਤਨਸ਼ੀਨ ਹਨ ਇਸ ਤੋਂ ਵੱਡੀ ਸ਼ਾਨ ਕੀ ਹੈ!

ਕਦੀ - ਕਦੀ ਨਿਰਣੇ ਕਰਨ ਵਿੱਚ ਇੱਕ ਛੋਟੀ -ਜਿਹੀ ਗਲਤੀ ਕਰ ਦਿੰਦੇ ਹੋ। ਜੋ ਰੀਅਲ ਸ਼ਾਨ ਹੈ, ਰੂਹਾਨੀ ਸ਼ਾਨ ਹੈ ਉਹ ਕਦੀ ਵੀ ਅਭਿਮਾਨ ਦੀ ਫੀਲਿੰਗ ਨਹੀਂ ਦਵੇਗਾ। ਤਾਂ ਕਦੀ - ਕਦੀ ਕੀ ਕਰਦੇ ਹੋ? ਹੁੰਦਾ ਅਭਿਮਾਨ ਹੈ ਪਰ ਸਮਝਦੇ ਹੋ ਕਿ ਇਹ ਸ਼ਾਨ ਤਾਂ ਆਪਣਾ ਰੱਖਣਾ ਚਾਹੀਦਾ ਹੈ, ਇਨਾਂ ਸ਼ਾਨ ਤਾਂ ਰੱਖਣਾ ਚਾਹੀਦਾ ਹੈ ਨਾ, ਸ਼ਾਨ ਵਿੱਚ ਰਹਿਣਾ ਚੰਗਾ ਹੁੰਦਾ ਹੈ, ਪਰ ਸ਼ਾਨ ਹੈ ਜਾਂ ਅਭਿਮਾਨ ਹੈ, ਉਸਨੂੰ ਚੰਗੀ ਤਰ੍ਹਾਂ ਨਾਲ ਚੈਕ ਕਰੋ। ਕਦੀ - ਕਦੀ ਅਭਿਮਾਨ ਨੂੰ ਸ਼ਾਨ ਸਮਝ ਲੈਂਦੇ ਹਨ ਅਤੇ ਫਿਰ ਨਿਰਮਾਣ ਨਹੀਂ ਹੁੰਦਾ ਹੈ। ਤੁਸੀਂ ਆਪਣੇ ਸ਼ਾਨ ਨੂੰ ਰੀਅਲ ਸਮਝਦੇ ਹੋ ਪਰ ਦੂਸਰੇ ਸਮਝਦੇ ਹਨ ਕਿ ਇਹ ਅਭਿਮਾਨ ਹੈ ਤਾਂ ਥੋੜਾ ਵੀ ਕੁਝ ਕਹਿ ਦੇਣਗੇ ਤਾਂ ਤੁਹਾਨੂੰ ਅਪਮਾਨ ਲੱਗੇਗਾ। ਅਭਿਮਾਨ ਵਾਲੇ ਨੂੰ ਅਪਮਾਨ ਬਹੁਤ ਜਲਦੀ ਫੀਲ ਹੋਵੇਗਾ। ਥੋੜਾ ਵੀ ਕਿਸਨੇ ਹਾਸੇ ਵਿੱਚ ਵੀ ਕੁਝ ਕਹਿ ਦਿੱਤਾ ਤਾਂ ਅਪਮਾਨ ਲੱਗੇਗਾ। ਇਹ ਅਭਿਮਾਨ ਦੀ ਨਿਸ਼ਾਨੀ ਹੈ। ਸੋਚਣਗੇ - ਨਹੀਂ, ਮੈਂ ਤਾਂ ਇਵੇਂ ਹਾਂ ਨਹੀਂ, ਇਵੇਂ ਥੋੜੇ ਹੀ ਕਹਿਣਾ ਚਾਹੀਦਾ ਹੈ। ਤਾਂ ਨਿਰਣੇ ਠੀਕ ਕਰੋ। ਉਸ ਸਮੇਂ ਨਿਰਣੇ ਵਿੱਚ ਕਮੀ ਕਰ ਲੈਂਦੇ ਹੋ। ਠੀਕ ਦੀ ਬਜਾਏ ਮਿਕਸ ਹੁੰਦਾ ਹੈ ਅਤੇ ਤੁਸੀਂ ਉਹਨੂੰ ਅਸਲ ਸਮਝ ਲੈਂਦੇ ਹੋ। ਤਾਂ ਕਹਿਣ ਵਿੱਚ ਆਉਂਦਾ ਹੈ ਕਿ ਇਹ ਹੈ ਬਹੁਤ ਚੰਗੇ ਪਰ ਬੋਲਚਾਲ, ਉੱਠਣਾ, ਬੈਠਣਾ ਜੋ ਹੈ ਨਾ ਉਹ ਅਭਿਮਾਨ ਦਾ ਲਗਦਾ ਹੈ। ਇਹ ਵੀ ਕਿਸੇ ਨੇ ਕਿਹਾ ਤਾਂ ਅਪਮਾਨ ਦੀ ਫੀਲਿੰਗ ਆ ਜਾਏਗੀ। ਤਾਂ ਸਵਮਾਨ ਅਤੇ ਅਭਿਮਾਨ ਦੇ ਅੰਤਰ ਨੂੰ ਵੀ ਚੈਕ ਕਰੋ। ਸਵਮਾਨ ਕਿੰਨਾ ਵੱਡਾ ਹੈ, ਸ਼ਾਨ ਕਿੰਨੀ ਵੱਡੀ ਹੈ, ਉਸ ਬੇਹੱਦ ਦਾ ਨਾਮ, ਮਾਨ ਅਤੇ ਸ਼ਾਨ ਨੂੰ ਸਦਾ ਇਮਰਜ਼ ਰੱਖੋ। ਮਰਜ ਨਹੀਂ, ਇਮਰਜ ਕਰੋ। ਜਿਵੇਂ ਯਾਦ ਵਿੱਚ ਕਦੀ - ਕਦੀ ਅਲਬੇਲਾਪਨ ਆ ਜਾਂਦਾ ਹੈ ਤਾਂ ਕਹਿੰਦੇ ਹਨ ਅਸੀਂ ਹਾਂ ਹੀ ਬਾਪ ਦੇ, ਯਾਦ ਕੀ ਕਰੀਏ ...। ਪਰ ਇਮਰਜ ਸੰਕਲਪ ਨਾਲ ਪ੍ਰਾਪਤੀ ਦਾ ਅਨੁਭਵ ਹੁੰਦਾ ਹੈ। ਇਵੇਂ ਹੀ ਹਰ ਧਾਰਨਾ ਵਿੱਚ ਅਲਰਟ ਰਹੋ, ਅਲਬੇਲੇ ਨਹੀਂ ਬਣੋ ਕਿਉਂਕਿ ਸਮੇਂ ਸਮੀਪ ਆ ਰਿਹਾ ਹੈ ਅਤੇ ਸਮੇਂ ਸਮੀਪ ਕੀ ਸੂਚਨਾ ਦੇ ਰਿਹਾ ਹੈ? ਸਮਾਨ ਬਣੋ, ਸੰਪੰਨ ਬਣੋ। ਤਾਂ ਸਮੇਂ ਦੀ ਚੈਲੇਂਜ ਨੂੰ ਦੇਖੋ ਅਤੇ ਸਰਵ ਪ੍ਰਾਪਤੀਆਂ ਨਾਲ ਸੰਪੰਨ ਬਣੋ। ਅੱਛਾ।

ਚਾਰੋਂ ਪਾਸੇ ਦੇ ਸਦਾ ਸਰਵ ਪ੍ਰਾਪਤੀ ਸਵਰੂਪ ਆਤਮਾਵਾਂ, ਸਦਾ ਸੰਤੁਸ਼ਟ, ਸਦਾ ਪ੍ਰਸੰਨਚਿਤ ਰਹਿਣ ਵਾਲੀਆਂ ਸ਼੍ਰੇਸ਼ਠ ਆਤਮਾਵਾਂ, ਸਦਾ ਖੁਦ ਨੂੰ ਸ਼੍ਰੇਸ਼ਠ ਨਾਮ, ਮਾਨ, ਸ਼ਾਨ ਦੇ ਅਧਿਕਾਰੀ ਅਨੁਭਵ ਕਰਨ ਵਾਲੀਆਂ ਸਮੀਪ ਆਤਮਾਵਾਂ, ਸਦਾ ਸਰਵ ਨੂੰ ਸੰਤੁਸ਼ਟਤਾ ਦੇ ਵਾਈਬ੍ਰੇਸ਼ਨ ਦੀ ਲਾਈਟ - ਮਾਈਟ ਦੇਣ ਵਾਲੇ ਪ੍ਰਸੰਨਚਿਤ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ ਪਿਆਰ ਅਤੇ ਨਮਸਤੇ।

ਵਰਦਾਨ:- ਹਰ ਸੈਕਿੰਡ ਖੁਦ ਨੂੰ ਭਰਪੂਰ ਅਨੁਭਵ ਕਰ ਸਦਾ ਸੇਫ਼ ਰਹਿਣ ਵਾਲੇ ਸਮ੍ਰਿਤੀ ਸੋ ਸਮਰਥ ਸਵਰੂਪ ਭਵ

ਬਾਪਦਾਦਾ ਦਵਾਰਾ ਸੰਗਮਯੁਗ ਤੇ ਜੋ ਵੀ ਖਜ਼ਾਨੇ ਮਿਲੇ ਹਨ ਉਹਨਾਂ ਨਾਲ ਖੁਦ ਨੂੰ ਭਰਪੂਰ ਰੱਖੋ, ਜਿਨਾਂ ਭਰਪੂਰ ਓਨਾ ਹਲਚਲ ਨਹੀਂ, ਭਰਪੂਰ ਚੀਜ਼ ਵਿੱਚ ਦੂਸਰੀ ਕੋਈ ਚੀਜ਼ ਆ ਨਹੀਂ ਸਕਦੀ, ਇਵੇਂ ਨਹੀਂ ਕਹਿ ਸਕਦੇ ਕਿ ਸਹਿਣਸ਼ਕਤੀ ਅਤੇ ਸ਼ਾਂਤੀ ਦੀ ਸ਼ਕਤੀ ਨਹੀਂ ਹੈ, ਥੋੜ੍ਹਾ ਕ੍ਰੋਧ ਜਾਂ ਆਵੇਸ਼ ਆ ਜਾਂਦਾ ਹੈ ਕੋਈ ਦੁਸ਼ਮਣ ਜਬਰਦਸਤੀ ਉਦੋਂ ਆਉਂਦਾ ਹੈ ਜਦੋਂ ਅਲਬੇਲਾਪਨ ਹੈ। ਡਬਲ ਲਾਕ ਨਹੀਂ ਹੈ, ਯਾਦ ਅਤੇ ਸੇਵਾ ਦਾ ਡਬਲ ਲਾਕ ਲਗਾ ਦਵੋ, ਸਮ੍ਰਿਤੀ ਸਵਰੂਪ ਰਹੋ ਤਾਂ ਸਮਰਥ ਬਣ ਸਦਾ ਹੀ ਸੇਫ਼ ਰਹੋਂਗੇ।

ਸਲੋਗਨ:- ਵਿਸ਼ਵ ਦਾ ਨਵ ਨਿਰਮਾਣ ਕਰਨ ਦੇ ਲਈ ਆਪਣੀ ਸਥਿਤੀ ਨਿਰਮਾਣਚਿਤ ਬਣਾਓ।

******